# ਵਿਸ਼ਵੀਕਰਨ ਦੇ ਦੌਰ ਵਿਚ ਗੁਰੂ ਨਾਨਕ ਬਾਣੀ ਦਾ ਮਹੱਤਵ

**ਡਾ. ਗੁਰਪ੍ਰੀਤ ਸਿੰਘ**

ਸਹਾਇਕ ਪ੍ਰੋਫ਼ੈਸਰ, ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ
✆ 9814943709

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਸਰਬਕਾਲੀ ਸਰੋਕਾਰਾਂ ਨਾਲ਼ ਵਾਬਸਤਾ ਹੈ। ਜਦੋਂ ਤੱਕ ਮਨੁੱਖ ਇਸ ਭੂ-ਮੰਡਲ ਉੱਤੇ ਵਿਚਰਦਾ ਰਹੇਗਾ ਨਾਨਕ ਬਾਣੀ ਮਾਨਵੀ ਸਮੱਸਿਆਵਾਂ ਦੇ ਸਮਾਧਾਨ ਲਈ ਮਨੁੱਖ ਦਾ ਮਾਰਗਦਰਸ਼ਨ ਕਰਦੀ ਰਹੇਗੀ। ਅਸਲ ਵਿਚ ਮਹਾਂਪੁਰਖਾਂ ਦੇ ਬਚਨ ਮਨੁੱਖ ਦੀਆਂ ਸਦੀਵੀ ਸਮੱਸਿਆਵਾਂ ਨੂੰ ਮੁਖ਼ਾਤਿਬ ਹੁੰਦੇ ਹਨ। 'ਭਗਵਤ ਗੀਤਾ' ਵਿਚ ਸ਼੍ਰੀ ਕ੍ਰਿਸ਼ਨ ਭਗਵਾਨ ਨੇ ਅਰਜੁਨ ਦੇ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਜਿਸ ਗਿਆਨ ਦਾ ਉਤਪਾਦਨ ਕੀਤਾ ਉਹ ਮਨੁੱਖ ਦੀਆਂ ਅਸਤਿਤਵੀ, ਆਤਮਿਕ ਤੇ ਸੰਸਾਰਿਕ ਗੁੰਝਲਾਂ ਦਾ ਨਿਪਟਾਰਾ ਕਰਦਾ ਅੱਜ ਤੱਕ ਮਨੁੱਖ ਲਈ ਮਾਰਗਦਰਸ਼ਕ ਬਣਿਆ ਹੋਇਆ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਪਣੀ ਰਾਗਾਤਮਕ ਬਾਣੀ ਰਾਹੀਂ ਜਿੱਥੇ ਮਨੁੱਖ ਨੂੰ ਬ੍ਰਹਮਗਿਆਨ ਨਾਲ਼ ਜੋੜਿਆ ਉੱਥੇ ਗ੍ਰਹਿਸਥ ਮਾਰਗ ਨੂੰ ਉੱਤਮ ਦੱਸਦਿਆਂ ਮਨੁੱਖ ਨੂੰ ਸਦਾਚਾਰਕ ਜੀਵਨ ਬਤੀਤ ਕਰਨ ਲਈ ਪ੍ਰੇਰਿਆ। ਇਸ ਲਈ ਗੁਰੂ ਜੀ ਨੇ ਨਿਰਾਕਾਰ ਪਰਮਾਤਮਾ ਦੇ ਉਪਾਸ਼ਕ ਹੁੰਦਿਆਂ ਵੀ ਸੰਸਾਰ ਨੂੰ ਮਿੱਥਿਆ ਨਹੀਂ ਆਖਿਆ, ਸਗੋਂ ਆਪ ਦੇ ਅਨੁਸਾਰ ਸੰਸਾਰ ਵਿਚ ਵਿਚਰਦਿਆਂ ਹੀ ਮਨੁੱਖ ਦੇ ਚੰਗੇ ਅਮਲ ਤੇ ਸਦਾਚਾਰਕ ਜੀਵਨ ਜਾਚ ਨਿਰੰਕਾਰ ਤੱਕ ਪਹੁੰਚਣ ਲਈ ਮਾਧਿਅਮ ਬਣਦੇ ਹਨ। ਇਸ ਲਈ ਭਾਵੇਂ ਮੱਧਕਾਲ ਹੋਵੇ, ਚਾਹੇ ਆਧੁਨਿਕ ਤਕਨੀਕ ਵਿਕਸਿਤ ਸਾਧਨਾਂ ਨਾਲ਼ ਸੰਪੰਨ ਅਜੋਕਾ ਸਮਾਜ ਹੋਵੇ, ਨਾਨਕ ਬਾਣੀ ਮਨੁੱਖ ਨੂੰ ਅਨੇਕ ਪਹਿਲੂਆਂ ਤੋਂ ਸਮਾਜਿਕ ਸੇਧ ਦੇਣ ਲਈ ਬਹੁਤ ਹੀ ਮਹੱਤਵਪੂਰਨ ਤੇ ਪ੍ਰਾਸੰਗਿਕ ਹੈ। ਬਲਕਿ ਅਜੋਕੇ ਸਮੇਂ ਤੇ ਸਮਾਜ ਵਿਚ ਗੁਰੂ ਨਾਨਕ ਬਾਣੀ ਦਾ ਮਹੱਤਵ ਤੇ ਸਾਰਥਿਕਤਾ ਮੱਧਕਾਲ ਦੇ ਸਮੇਂ ਨਾਲ਼ੋਂ ਵੀ ਵਧੇਰੇ ਹੈ। ਸਮਾਜਿਕ ਬਰਾਬਰੀ ਦੀ ਗੱਲ ਹੋਵੇ, ਨੈਤਿਕ ਕਦਰਾਂ ਤੇ ਸਦਾਚਾਰਕ ਜੀਵਨ ਜਾਚ ਦੀ ਗੱਲ ਹੋਵੇ ਜਾਂ ਕੁਦਰਤ ਤੇ ਵਾਤਾਵਰਨ ਦੀ ਸੰਭਾਲ ਦਾ ਮਸਲਾ ਹੋਵੇ, ਗੁਰੂ ਨਾਨਕ ਬਾਣੀ ਦੀ ਲੋੜ ਅੱਜ ਦੇ ਮਨੁੱਖ ਨੂੰ ਜ਼ਿਆਦਾ ਜਾਪਦੀ ਹੈ। ਜੇਕਰ ਗਹੁ ਨਾਲ਼ ਦੇਖੀਏ ਤਾਂ ਅੱਜ ਦੇ ਮਸ਼ੀਨੀ ਦੌਰ ਵਿਚ ਗੁਰੂ ਨਾਨਕ ਬਾਣੀ ਰੋਬੋਟਿਕ ਹੋਂਦ ਵਿਚ ਤਬਦੀਲ ਹੁੰਦੇ ਜਾ ਰਹੇ ਬੰਦੇ ਨੂੰ ਦੁਬਾਰਾ ਸਦਾਚਾਰੀ ਮਨੁੱਖ ਬਣਾਉਣ ਵੱਲ ਰੁਚਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਆਪਣੀਆਂ ਪਰਿਵਾਰਕ ਤੇ ਸਮਾਜਿਕ ਜ਼ਿੰਮੇਦਾਰੀਆਂ ਨਿਭਾਉਂਦਿਆਂ ਮੋਕਸ਼ ਪ੍ਰਾਪਤੀ ਦਾ ਰਸਤਾ ਦਿਖਾਇਆ। ਅਜੋਕੇ ਮਨੁੱਖ ਨੂੰ ਕਿਰਦਾਰ ਦੀ ਗਿਰਾਵਟ, ਸਮਾਜਿਕ ਤੇ ਨੈਤਿਕ ਕਦਰਾਂ-ਕੀਮਤਾਂ ਦੇ ਨਿਘਾਰ ਤੋਂ ਬਚਾਉਣ ਲਈ ਅੱਜ ਗੁਰੂ ਨਾਨਕ ਬਾਣੀ ਦੀ ਪ੍ਰਾਸੰਗਿਕਤਾ ਪਹਿਲਾਂ ਨਾਲ਼ੋਂ ਵੀ ਵੱਧ ਗਈ ਹੈ। ਅਜੋਕੀਆਂ ਸਮੱਸਿਆਵਾਂ ਤੇ ਵਿਸ਼ਵੀਕਰਨ ਦੇ ਮਾਹੌਲ ਵਿਚ ਗੁਰੂ ਨਾਨਕ ਬਾਣੀ ਦੀ ਪੁਨਰ-ਵਿਆਖਿਆ ਦੀ ਲੋੜ ਹੈ ਤਾਂ ਜੋ ਅਜੋਕੇ ਮਨੁੱਖ ਦੇ ਕਲਿਆਣ ਦਾ ਰਾਹ ਮੋਕਲ਼ਾ ਹੋ ਸਕੇ।

ਅਜੋਕੇ ਦੌਰ ਦੀ ਇਕ ਪ੍ਰਧਾਨ ਵਿਸ਼ੇਸ਼ਤਾ ਪੂੰਜੀ ਹੈ। ਅੱਜ ਦਾ ਨਿਜ਼ਾਮ ਪੂੰਜੀ ਕੇਂਦਰਿਤ ਨਿਜ਼ਾਮ ਹੈ। ਹਰ ਪਾਸੇ ਦੌਲਤ ਤੇ ਸ਼ੌਹਰਤ ਦੀ ਦੌੜ ਲੱਗੀ ਹੋਈ ਹੈ। ਸਰਮਾਏ ਦੇ ਲਾਲਚ ਨੇ ਮਨੁੱਖ ਨੂੰ ਸੱਚ ਨਾਲ਼ੋਂ ਤੋੜ ਕੇ ਕਦੇ ਨਾ ਮੁੱਕਣ ਵਾਲ਼ੀ ਇਕ ਭਟਕਣਾ ਵੱਲ ਤੋਰ ਦਿੱਤਾ ਹੈ। ਪੈਸਾ ਇਕੱਠਾ ਕਰਨ ਲਈ ਮਨੁੱਖ ਹਰ ਤਰ੍ਹਾਂ ਦਾ ਅਨੈਤਿਕ ਕੰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਨੌਕਰੀ ਪੇਸ਼ਾ ਲੋਕ ਭ੍ਰਿਸ਼ਟਾਚਾਰੀ ਹੋ ਗਏ ਹਨ। ਸਾਰਾ ਸਮਾਜਿਕ ਤਾਣਾ-ਬਾਣਾ ਭ੍ਰਿਸ਼ਟ ਹੋ ਚੁੱਕਿਆ ਹੈ। ਅਜਿਹੇ ਅਤਿਆਚਾਰੀ ਤੇ ਸਰਮਾਏਦਾਰੀ ਪ੍ਰਬੰਧ ਵਿਚ ਲੋਕ ਕਲਿਆਣ ਸੰਭਵ ਹੀ ਨਹੀਂ ਹੋ ਸਕਦਾ। ਗੁਰੂ ਨਾਨਕ ਬਾਣੀ ਵਿਚ ਗ਼ਲਤ ਢੰਗ ਨਾਲ਼ ਮਾਇਆ ਤੇ ਧਨ ਇਕੱਠਾ ਕਰਨ ਦੀ ਰੁਚੀ ਦਾ ਖੰਡਨ ਕੀਤਾ ਗਿਆ ਹੈ। ਗੁਰੂ ਨਾਨਕ ਦੀ ਅਗਾਂਹਵਧੂ ਵਿਚਾਰਧਾਰਾ ਅਜਿਹੀ ਜੀਵਨ-ਜਾਚ ਦਾ ਵਿਰੋਧ ਕਰਦੀ ਹੈ ਜਿਹੜੀ ਸੁਆਰਥ ਉੱਤੇ ਟਿੱਕੀ ਹੋਵੇ ਅਤੇ ਲੋਕ ਕਲਿਆਣ ਦੀ ਥਾਂ ਨਿੱਜੀ ਹਿੱਤਾਂ ਦੀ ਪੂਰਤੀ ਕਰੇ। ਗੁਰੂ ਨਾਨਕ ਸਾਹਿਬ ਮਾਇਆ ਦੇ ਇਸ ਲਾਲਚ ਨੂੰ ਸਾਰੇ ਕਲ਼ੇਸ਼ ਦੀ ਜੜ੍ਹ ਮੰਨਦੇ ਹਨ ਜਿਸ ਨੇ ਬਹੁਤ ਲੋਕਾਂ ਨੂੰ ਖੁਆਰ ਕੀਤਾ ਹੋਇਆ ਹੈ। ਇਸ ਲਈ ਅੱਜ ਦੇ ਇਸ ਪੂੰਜੀਵਾਦੀ ਯੁੱਗ ਵਿਚ ਗੁਰੂ ਨਾਨਕ ਬਾਣੀ ਦੇ ਨਿਮਨਲਿਖਤ ਬੋਲ ਮਨੁੱਖ ਨੂੰ ਧਨ-ਦੌਲਤ ਦੇ ਚੱਕਰਵਿਊ 'ਚੋਂ ਕੱਢ ਕੇ ਪਰਮਸ਼ਾਂਤੀ ਨਾਲ਼ ਜੁੜਨ ਲਈ ਪ੍ਰੇਰਦੇ ਹਨ:


**www.sanvad.org**
ISSN : 2395-1273

*ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥*
*ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ॥*
*ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥*
*ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥* (ਆਦਿ ਗ੍ਰੰਥ ੯੩੪)

*ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥* (ਆਦਿ ਗ੍ਰੰਥ ੪੧੭)

*ਸੰਪੈ ਕਉ ਈਸਰੁ ਧਿਆਈਐ।। ਸੰਪੈ ਪੁਰਬਿ ਲਿਖੇ ਕੀ ਪਾਈਐ॥*
*ਸੰਪੈ ਕਾਰਣਿ ਚਾਕਰ ਚੋਰ।। ਸੰਪੈ ਸਾਥਿ ਨ ਚਾਲੈ ਹੋਰ॥* (ਆਦਿ ਗ੍ਰੰਥ ੯੩੭)

ਇਸ ਤਰ੍ਹਾਂ ਗੁਰੂ ਨਾਨਕ ਬਾਣੀ ਅੱਜ ਦੇ ਪੂੰਜੀਵਾਦੀ ਯੁੱਗ ਵਿਚ ਮਨੁੱਖ ਨੂੰ ਭੌਤਿਕ ਭਟਕਣਾ ਤੋਂ ਮੁਕਤ ਆਤਮਿਕ ਸ਼ਾਂਤੀ ਦਾ ਰਸਤਾ ਦਰਸਾਉਂਦੀ ਹੈ। ਇਸ ਨੁਕਤੇ ਤੋਂ ਗੁਰੂ ਨਾਨਕ ਬਾਣੀ ਦੀ ਅਜੋਕੇ ਯੁੱਗ ਵਿਚ ਪ੍ਰਾਸੰਗਿਕਤਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

ਅਜੋਕਾ ਮਨੁੱਖ ਕੁਝ ਜ਼ਿਆਦਾ ਹੀ ਆਧੁਨਿਕ ਹੋ ਰਿਹਾ ਹੈ, ਇਤਨਾ ਜ਼ਿਆਦਾ ਆਧੁਨਿਕ ਕਿ ਇਸ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਉਸਦੀ ਹੋਂਦ ਗਵਾਚ ਰਹੀ ਹੈ। ਆਪਣੀ ਇਸ ਆਧੁਨਿਕਤਾ ਦੀ ਦੌੜ ਵਿਚ ਉਹ ਆਪਣੇ ਮਨ ਦੀ ਸਹਿਜਤਾ ਤੇ ਸ਼ਾਂਤੀ ਨੂੰ ਨਸ਼ਟ ਕਰ ਰਿਹਾ ਹੈ, ਪ੍ਰਕਿਰਤੀ ਨਾਲ ਖੇਡ ਰਿਹਾ ਹੈ ਤੇ ਪ੍ਰਕਿਰਤਕ ਸੋਮਿਆਂ ਦਾ ਦੁਰਉਪਯੋਗ ਤੇ ਬੇਲੋੜੀ ਵਰਤੋਂ ਕਰ ਰਿਹਾ ਹੈ ਅਤੇ ਇਸ ਲਈ ਕੁਦਰਤ ਮਨੁੱਖ ਨੂੰ ਕਦੇ ਮੁਆਫ਼ ਨਹੀਂ ਕਰੇਗੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਸ ਤਰ੍ਹਾਂ ਉਹ ਆਪਣਾ ਪਤਨ ਆਪ ਕਰ ਰਿਹਾ ਹੋਵੇ। ਇਸ ਦਾ ਅਰਥ ਇਹ ਨਹੀਂ ਕਿ ਅਸੀਂ ਆਧੁਨਿਕਤਾ ਦੇ ਖ਼ਿਲਾਫ਼ ਹੋ ਜਾਈਏ, ਪਰ ਅੰਨ੍ਹੀ ਆਧੁਨਿਕਤਾ ਸਾਡੇ ਪ੍ਰਾਕਿਰਤਕ ਜੀਵਨ ਤੇ ਵਾਤਾਵਰਨ ਨੂੰ ਨਸ਼ਟ ਕਰ ਰਹੀ ਹੈ। ਆਧੁਨਿਕ ਤਰੱਕੀ ਦੀ ਕੀਮਤ ਪ੍ਰਕਿਰਤੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਮਨੁੱਖ ਦੀ ਆਤਮਿਕ ਸ਼ਾਂਤੀ ਹੋਣੀ ਚਾਹੀਦੀ ਹੈ, ਕਿਉਂਕਿ ਮਾਨਸਿਕ ਤੇ ਪ੍ਰਾਕਿਰਤਕ ਸੰਤੁਲਨ ਦੋਵੇਂ ਹੀ ਮਾਨਵਤਾ ਲਈ ਬਹੁਤ ਜ਼ਰੂਰੀ ਹਨ। "ਗੁਰੂ ਜੀ ਪਾਣੀ ਨੂੰ ਜੀਵਨ ਦਾ ਸ੍ਰੋਤ ਮੰਨਦੇ ਹਨ। ਜੇ ਜੀਵਨ ਦਾ ਸੋਮਾ ਹੀ ਪਲੀਤ ਹੋ ਜਾਵੇ, ਖ਼ਤਮ ਹੋ ਜਾਵੇ, ਤਾਂ ਜੀਵਨ ਦਾ ਕਾਇਮ ਰਹਿਣਾ ਅਸੰਭਵ ਹੈ। ਆਧੁਨਿਕ ਵਿਗਿਆਨੀ ਵੀ ਮੰਨਦੇ ਹਨ ਕਿ ਪਾਣੀ ਤੋਂ ਬਿਨਾਂ ਧਰਤੀ ਉੱਤੇ ਜੀਵਨ ਸੰਭਵ ਹੀ ਨਹੀਂ ਸੀ। ਚੰਨ ਅਤੇ ਹੋਰ ਗ੍ਰਹਿਆਂ ਉੱਤੇ ਜੀਵਨ ਦੀ ਅਣਹੋਂਦ ਦਾ ਮੁੱਖ ਕਾਰਨ ਪਾਣੀ ਦੀ ਅਣਹੋਂਦ ਹੀ ਹੈ। ਇਸ ਤਰ੍ਹਾਂ, ਪਾਣੀ ਦੀ ਮਲੀਨਤਾ/ਅਸ਼ੁੱਧਤਾ ਨੂੰ ਘੱਟ ਕਰਨਾ ਅਤੇ ਉਸ ਦੀ ਸ਼ੁੱਧਤਾ/ਪਵਿੱਤਰਤਾ ਨੂੰ ਬਣਾਈ ਰੱਖਣਾ ਵੀ ਮਨੁੱਖਤਾ ਦਾ ਮੁੱਢਲਾ ਫ਼ਰਜ਼ ਹੈ।" (ਦਲਜੀਤ ਸਿੰਘ 61). ਗੁਰੂ ਨਾਨਕ ਦੇਵ ਜੀ ਨੇ ਆਪਣੇ ਅਨੇਕ ਸ਼ਬਦਾਂ ਵਿਚ ਕੁਦਰਤ ਤੇ ਕਾਦਰ ਦੀ ਇੱਕਮਿੱਕਤਾ ਦਾ ਜ਼ਿਕਰ ਕਰਦਿਆਂ ਕੁਦਰਤ ਦੀ ਕਦਰ ਤੇ ਸੰਭਾਲ ਕਰਨ ਲਈ ਮਨੁੱਖ ਨੂੰ ਉਪਦੇਸ਼ਿਆ ਹੈ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।* (ਆਦਿ ਗ੍ਰੰਥ ੧੯)

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥* (ਆਦਿ ਗ੍ਰੰਥ ੪੭੨)

*ਪਉਣੁ ਗੁਰੂ ਪਾਣੀ ਪਿਤ ਜਾਤਾ।। ਉਦਰ ਸੰਜੋਗੀ ਧਰਤੀ ਮਾਤਾ॥* (ਆਦਿ ਗ੍ਰੰਥ ੧੦੨੧)
*ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ॥*
*ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ॥*
*ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ॥* (ਆਦਿ ਗ੍ਰੰਥ ੮੮੪)
*ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥* (ਆਦਿ ਗ੍ਰੰਥ ੧੪੧)

ਗੁਰੂ ਜੀ ਅਨੁਸਾਰ ਇਹ ਸਾਰੀ ਪ੍ਰਕਿਰਤੀ ਪਰਮਾਤਮਾ ਨੇ ਸਿਰਜੀ ਹੈ ਅਤੇ ਇਹ ਪ੍ਰਕਿਤਰੀ ਹੀ ਉਸ ਦੀ ਹੋਂਦ ਦੀ ਸ਼ਨਾਖ਼ਤ ਹੈ। ਕਾਦਰ ਕੁਦਰਤ ਤੇ ਕੁਦਰਤ ਦੇ ਹਰ ਜੀਵ ਵਿਚ ਵੱਸਿਆ ਹੋਇਆ ਹੈ। ਇਸ ਲਈ ਸਾਨੂੰ ਪ੍ਰਕਿਰਤੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕੁਦਰਤ ਨੂੰ ਨਸ਼ਟ ਕਰ ਕੇ ਅਜੋਕਾ ਮਨੁੱਖ ਕਾਦਰ ਤੋਂ ਵੀ ਦੂਰ ਹੋ

ਰਿਹਾ ਹੈ ਅਤੇ ਆਪਣੀ ਹੋਂਦ ਨੂੰ ਵੀ ਖ਼ਤਰੇ ਵਿਚ ਪਾ ਰਿਹਾ ਹੈ। ਇਸ ਤਰ੍ਹਾਂ ਗੁਰੂ ਨਾਨਕ ਬਾਣੀ ਅਜੋਕੇ ਪ੍ਰਕਿਰਤੀ ਵਿਰੋਧੀ ਮਾਹੌਲ ਵਿਚ ਮਨੁੱਖ ਨੂੰ ਸੁਚੇਤ ਕਰਦਿਆਂ ਬਹੁਤ ਮਹੱਤਵਪੂਰਨ ਸੇਧ ਦਿੰਦੀ ਹੈ।

ਗੁਰੂ ਨਾਨਕ ਬਾਣੀ ਦਾ ਵਿਸ਼ੇਗਤ ਅਧਿਐਨ ਕਰਦਿਆਂ ਵਿਦਵਾਨ ਨਰੈਣ ਸਿੰਘ 'ਪੰਜਾਬੀ ਦੁਨੀਆਂ ਗੁਰੂ ਨਾਨਕ ਵਿਸ਼ੇਸ਼ ਅੰਕ' ਵਿਚ ਲਿਖਦਾ ਹੈ:

> ਗੁਰੂ ਨਾਨਕ ਬਾਣੀ ਸਚ ਦਾ ਪ੍ਰਕਾਸ਼ ਕਰਕੇ ਉਸ ਦੀ ਲੋਅ ਵਿਚ ਅਤੇ ਸਤਿਗੁਰੂ ਦੀ ਅਗਵਾਈ ਹੇਠ ਮਨੁੱਖੀ ਆਚਰਨ ਉਸਾਰੀ ਦਾ ਅਜਿਹਾ ਰਸਤਾ ਉਲੀਕਦੀ ਹੈ ਜਿਸ ਉਪਰ ਤੁਰ ਕੇ ਮਨੁੱਖ ਸਮਾਜ ਦਾ ਲਾਹੇਵੰਦ ਅੰਗ ਬਣ ਮਨੁੱਖਤਾ ਦੇ ਭਲੇ ਲਈ ਘਾਲਣਾ ਘਾਲਦਾ ਹੋਇਆ ਆਪਣੀ ਮਿਹਨਤ ਦੇ ਫ਼ਲ ਨੂੰ ਬਿਨਾਂ ਵਿਤਕਰੇ ਸਮਾਜ ਨਾਲ਼ ਸਾਂਝਾ ਕਰਦਾ ਹੈ ਅਤੇ ਬਿਬੇਕ ਵਿਚਾਰ ਤੇ ਪ੍ਰੇਮ ਭਾਵਨਾ ਦੁਆਰਾ ਸਚੁ ਵਿਚ ਸਮਾਈ ਹਾਸਲ ਕਰਨ ਦੇ ਸਾਧਨ ਕਰਦਾ ਹੈ। (48).

ਸੋ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਇਕ ਆਦਰਸ਼ ਮਨੁੱਖ ਬਣਾਉਣਾ ਚਾਹੁੰਦੇ ਸਨ ਜਿਹੜਾ ਸਤਿ ਦੇ ਮਾਰਗ 'ਤੇ ਚਲਦਿਆਂ ਲੋਕ ਕਲਿਆਣ ਲਈ ਕਰਮ ਕਰਦਾ ਆਪਣੇ ਜੀਵਨ ਨੂੰ ਸਾਰਥਕ ਬਣਾ ਸਕੇ। ਇਸ ਮੰਤਵ ਦੀ ਪੂਰਤੀ ਲਈ ਮਨੁੱਖ ਅੰਦਰ ਸੂਝ-ਬੂਝ ਤੇ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਅੱਜ ਮਨੁੱਖ ਕੋਲ ਗਿਆਨ ਪ੍ਰਾਪਤੀ ਤੇ ਪੜ੍ਹਨ ਲਿਖਣ ਦੇ ਸਾਧਨ ਪਹਿਲਾਂ ਨਾਲ਼ੋਂ ਵਧੇਰੇ ਹਨ। ਸਕੂਲ, ਕਾਲਜ, ਵਿਸ਼ਵਵਿਦਿਆਲੇ ਵਿਦਿਆਰਥੀਆਂ ਨੂੰ ਚੰਗੇ ਤੇ ਸੱਭਿਅਕ ਨਾਗਰਿਕ ਬਣਾਉਣ ਲਈ ਯਤਨਸ਼ੀਲ ਹਨ। ਪਰ ਇਸ ਦੇ ਬਾਵਜੂਦ ਸਮਾਜ ਵਿਚ ਵਿਚਰਦਾ ਬੰਦਾ ਕਿਰਦਾਰ ਪੱਖੋਂ ਕਮਜ਼ੋਰ ਹੈ। ਗਿਆਨ ਅਤੇ ਵਿੱਦਿਆ ਦੇ ਪ੍ਰਸਾਰ ਦੇ ਬਾਵਜੂਦ ਸਮਾਜ ਵਿਚ ਕਪਟ, ਅਨਿਆਂ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ। ਸਮਾਜਿਕ ਪ੍ਰਬੰਧ ਦੀਆਂ ਇਹ ਗਿਰਾਵਟਾਂ ਸਾਡੀ ਵਿੱਦਿਆ ਪ੍ਰਣਾਲੀ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ। ਗੁਰੂ ਨਾਨਕ ਬਾਣੀ ਵਿੱਚੋਂ ਜਿਹੜਾ ਵਿੱਦਿਆ ਦਾ ਸੰਕਲਪ ਉੱਭਰਦਾ ਹੈ ਉਹ ਮਨੁੱਖਤਾ ਦੇ ਕਲਿਆਣ ਦਾ ਸੰਕਲਪ ਹੈ। ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਰਾਜਵੀਰ ਸਿੰਘ ਲਿਖਦਾ ਹੈ:

> ਗੁਰੂ ਨਾਨਕ ਦਾ ਵਿਸ਼ਵਾਸ ਆਤਮਿਕ ਵਿਕਾਸ ਵਿਚ ਸੀ। ਉਹ ਚਾਹੁੰਦੇ ਸੀ ਕਿ ਵਿੱਦਿਆ ਦਾ ਆਰੰਭ ਹੀ ਆਤਮਿਕ ਵਿਕਾਸ ਨਾਲ਼ ਹੋਵੇ ਅਤੇ ਅੰਤ ਵੀ ਆਤਮਾ ਦੀ ਉਸਾਰੀ ਨਾਲ਼ ਹੋਵੇ। ਗੁਰੂ ਨਾਨਕ ਦਾ ਵਿੱਦਿਅਕ ਚਿੰਤਨ ਇਹ ਦਰਸਾਉਂਦਾ ਹੈ ਕਿ ਆਤਮਾ ਦਾ ਵਿਕਾਸ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਦਿਲ ਅਤੇ ਦਿਮਾਗ਼ ਦੀ ਵਿੱਦਿਆ ਵਾਪਰਨੀ ਚਾਹੀਦੀ ਹੈ। ਆਤਮਾ ਦੇ ਵਿਕਾਸ ਲਈ ਨਾਮ ਜਪਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਦੇ ਲਈ ਵੀ ਅੱਗੇ ਵਧੇਰਾ ਜ਼ੋਰ ਭਾਸ਼ਾ, ਫ਼ਲਸਫ਼ੇ, ਸੋਸਿਓਲੋਜੀ ਤੇ ਨੈਤਿਕਤਾ ਉੱਤੇ ਦੇਣਾ ਚਾਹੀਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਗੁਰੂ ਸਾਹਿਬ ਨੇ ਨਾਨ ਫਾਰਮਲ ਵਿਧੀਆਂ ਸੰਗਤ, ਪੰਗਤ, ਸੇਵਾ ਆਦਿ ਨੂੰ ਦਰਸਾਇਆ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਗੁਰੂ ਸਾਹਿਬ ਲਈ ਸਾਇੰਸ ਦੇ ਮਜ਼ਬੂਨ ਜਾਂ ਵਿਗਿਆਨ ਜ਼ਰੂਰੀ ਨਹੀਂ ਹੈ। ਗੁਰੂ ਨਾਨਕ ਤਾਂ ਵਿਅਕਤੀ ਨੂੰ ਸੰਪੂਰਨ ਗਿਆਨ ਪ੍ਰਾਪਤ ਕਰਨ ਲਈ ਭਰਪੂਰ ਦੁਨਿਆਵੀ ਗਿਆਨ ਦੇਣ ਦੇ ਹੱਕ ਵਿਚ ਸਨ। ਉਹ ਚਾਹੁੰਦੇ ਸਨ ਕਿ ਵਿਦਿਆਰਥੀ ਸਾਰੇ ਮਜ਼ਬੂਨਾਂ ਦਾ ਅਧਿਐਨ ਕਰਨ। ਸਾਇੰਸ ਦੇ ਗਿਆਨ ਦੀ ਵਰਤੋਂ ਵੀ ਮਨੁੱਖਤਾ ਦੀ ਭਲਾਈ ਲਈ ਕਰਨੀ ਚਾਹੀਦੀ ਹੈ। (138).

ਅਜੋਕੇ ਕਾਗ਼ਜ਼ੀ ਗਿਆਨ ਦੇ ਮੁਕਾਬਲੇ ਵਿਚ ਗੁਰੂ ਨਾਨਕ ਦਾ ਗਿਆਨ ਮਨੁੱਖਤਾ ਦੀ ਸਮੁੱਚੀ ਸ਼ਖ਼ਸੀਅਤ ਦੇ ਵਿਕਾਸ ਦੀ ਗੱਲ ਕਰਦਾ ਹੈ ਅਤੇ ਅਜਿਹੇ ਗਿਆਨ ਦੀ ਜ਼ਰੂਰਤ ਅੱਜ ਦੇ ਮਨੁੱਖ ਨੂੰ ਵਧੇਰੇ ਹੈ। ਅਜੋਕਾ ਸਿੱਖਿਆ ਪ੍ਰਬੰਧ ਕੇਵਲ ਸੂਚਨਾ ਤੇ ਜਾਣਕਾਰੀ ਇਕੱਠੀ ਕਰਨ ਤੱਕ ਸੀਮਿਤ ਹੈ। ਇਸ ਦੇ ਉਲਟ ਸਿੱਖਿਆ ਦਾ ਮਕਸਦ ਆਤਮਿਕ, ਵਿਅਕਤੀਗਤ ਤੇ ਸਮਾਜਿਕ ਵਿਕਾਸ ਕਰਨਾ ਹੁੰਦਾ ਹੈ। ਸਿੱਖਿਆ ਉੱਤਮ ਸੰਸਕਾਰਾਂ ਨੂੰ ਜਨਮ ਦਿੰਦੀ ਹੈ। ਪਰ ਸਾਡੀਆਂ ਆਧੁਨਿਕ ਗਿਆਨ ਵਿਧੀਆਂ ਨੈਤਿਕ ਕੀਮਤਾਂ ਤੇ ਸੰਸਕਾਰਾਂ ਵੱਲ ਕੋਈ ਬਹੁਤਾ ਧਿਆਨ ਨਹੀਂ ਦੇ ਰਹੀਆਂ। ਇਸ ਲਈ ਵਿਅਕਤੀ ਆਤਮਿਕ, ਵਿਅਕਤੀਗਤ ਤੇ ਸਮਾਜਿਕ ਪਤਨ ਵੱਲ ਜਾ ਰਹੇ ਹਨ। ਗੁਰੂ ਨਾਨਕ ਬਾਣੀ ਆਤਮ ਗਿਆਨ ਤੋਂ ਵਿਹੂਣੀ ਅਜਿਹੀ ਵਿੱਦਿਆ ਦਾ ਖੰਡਨ ਕਰਦੀ ਹੈ:

*ਹੋਰੁ ਕੂੜ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰ॥*
*ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ॥*

(ਆਦਿ ਗ੍ਰੰਥ ੮੪)


www.sanvad.org
ISSN : 2395-1273

*ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ॥*
*ਅੰਤਰਿ ਬ੍ਰਹਮ ਨ ਚੀਨਈ ਮਨਿ ਮੂਰਖੁ ਗਾਵਾਰੁ॥* (ਆਦਿ ਗ੍ਰੰਥ ੮੬)

ਵਿਸ਼ਵੀਕਰਨ ਤੇ ਪੂੰਜੀਵਾਦ ਦੇ ਮਾਹੌਲ ਵਿਚ ਅਜੋਕਾ ਮਨੁੱਖ ਬਾਹਰੋਂ ਅਤੇ ਅੰਦਰੋਂ ਇਕੋ ਜਿਹਾ ਨਹੀਂ ਰਿਹਾ, ਬਲਕਿ ਉਸ ਦਾ ਸੁਭਾਅ ਪਾਖੰਡੀ ਹੋ ਗਿਆ ਹੈ। ਅਜਿਹੇ ਦੋਗਲੇ ਸਮਾਜ ਵਿਚ ਸਾਫ਼-ਦਿਲ ਤੇ ਇਮਾਨਦਾਰ ਆਦਮੀ ਦਾ ਜੀਣਾ ਮੁਹਾਲ ਹੋ ਗਿਆ ਹੈ। ਮਨੁੱਖ ਨੇ ਵਿਕਾਸ ਦੀਆਂ ਸਿਖ਼ਰਾਂ ਨੂੰ ਛੋਂਹਦਿਆਂ ਪਦਾਰਥਕ ਤੇ ਤਕਨੀਕੀ ਸਹੂਲਤਾਂ ਨਾਲ ਲੈਸ ਵੱਡੇ-ਵੱਡੇ ਉਦਯੋਗਿਕ ਮਹਾਂਨਗਰਾਂ ਦੀ ਸਥਾਪਨਾ ਤਾਂ ਕਰ ਲਈ ਪਰ ਇਸ ਅਤਿ-ਵਿਕਸਤਿ ਨਗਰ ਸੱਭਿਅਤਾ ਦਾ ਬਾਸ਼ਿੰਦਾ ਨਾਗਰਿਕ ਭੀੜ ਵਿਚ ਕਿਧਰੇ ਗੁਆਚ ਗਿਆ। ਇਸ ਭੀੜ ਵਿਚ ਵਿਚਰਦੇ ਹਰ ਬੰਦੇ ਦੇ ਸਰੋਕਾਰ ਸ੍ਵੈ-ਮੂਲਕ ਹੋ ਨਿਬੜੇ। ਮਨੁੱਖ ਆਪਣੇ ਚਰਿਤਰ ਤੋਂ ਗਿਰ ਗਿਆ ਹੈ। ਪੈਸੇ ਦੀ ਦੌੜ ਨੇ ਬੰਦੇ ਅੰਦਰੋਂ ਬੰਦਿਆਈ ਹੀ ਖ਼ਤਮ ਕਰ ਦਿੱਤੀ ਹੈ। ਇਨਸਾਨੀਅਤ ਤੋਂ ਖੁੱਸਿਆ ਮਨੁੱਖ ਬੁਰੇ ਭਲੇ ਦਾ ਲਿਹਾਜ਼ ਭੁੱਲ ਗਿਆ ਹੈ। ਨੈਤਿਕ ਤੇ ਸਦਾਚਾਰਕ ਆਚਰਨ ਦੀ ਗਿਰਾਵਟ ਕਾਰਨ ਮਨੁੱਖ ਸੱਚ ਤੋਂ ਦੂਰ ਹੋ ਗਿਆ ਹੈ ਅਤੇ ਪਦਾਰਥਕ ਚਕਾਚੌਂਧ ਵਿਚ ਗੁਆਚਿਆ ਪਰਮਾਤਮਾ ਨੂੰ ਭੁੱਲ ਕੇ ਅਸ਼ਾਂਤੀ ਤੇ ਭਟਕਣਾ ਦੀ ਜ਼ਿੰਦਗੀ ਜੀਅ ਰਿਹਾ ਹੈ। ਹਾਲਾਤ ਐਸੇ ਹੋ ਗਏ ਕਿ ਮਨੁੱਖ ਪਦਾਰਥਕ ਤੇ ਰੁਤਬੇ ਪੱਖੋਂ ਇੱਕ-ਦੂਜੇ ਤੋਂ ਮੋਹਰੀ ਬਣਨ ਦੀ ਹੋੜ ਵਿਚ ਬੇਈਮਾਨੀ, ਭ੍ਰਿਸ਼ਟਾਚਾਰੀ ਤੇ ਅਨੈਤਿਕਤਾ ਦੀ ਦਲਦਲ ਵਿਚ ਗ਼ਰਕ ਹੁੰਦਾ ਜਾ ਰਿਹਾ ਹੈ। ਗੁਰੂ ਨਾਨਕ ਬਾਣੀ ਇਸ ਸੰਦਰਭ ਵਿਚ ਅਜੋਕੇ ਮਨੁੱਖ ਨੂੰ ਉੱਚੇ ਆਚਰਨ ਤੇ ਸਦਾਚਾਰਕ ਜੀਵਨ ਜਾਚ ਸਿਖਾਉਂਦਿਆਂ ਸੱਚ ਨਾਲ਼ ਜੋੜਦੀ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*
*ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥* (ਆਦਿ ਗ੍ਰੰਥ ੧੪੧)

*ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥* (ਆਦਿ ਗ੍ਰੰਥ ੮੫)

*ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥*
*ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥*
*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥* (ਆਦਿ ਗ੍ਰੰਥ ੬੨)

ਪਦਾਰਥਕ, ਵਾਤਾਵਰਨਿਕ, ਵਿਸ਼ਵੀਕਰਨ ਦੇ ਤਕਨੀਕੀ ਮਾਹੌਲ, ਪੈਸਾ-ਪ੍ਰਸਤੀ ਦੇ ਉਪਰੋਕਤ ਨੁਕਤਿਆਂ ਨੂੰ ਵਿਚਾਰਨ ਤੋਂ ਬਾਅਦ ਅਜੋਕੇ ਸਮੇਂ ਵਿਚ ਗੁਰੂ ਨਾਨਕ ਬਾਣੀ ਦੇ ਸਮਾਜਿਕ ਮਹੱਤਵ ਬਾਰੇ ਵੀ ਕੁਝ ਨੁਕਤੇ ਸਾਂਝੇ ਕੀਤੇ ਜਾ ਸਕਦੇ ਹਨ। ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮਕਾਲੀ ਸਮਾਜ ਦੀਆਂ ਕੁਰੀਤੀਆਂ ਤੇ ਬੁਰਾਈਆਂ ਦਾ ਖੰਡਨ ਕੀਤਾ ਪਰ 21ਵੀਂ ਸਦੀ ਦੇ ਅਜੋਕੇ ਦੌਰ ਵਿਚ ਵੀ ਇਹ ਬੁਰਾਈਆਂ ਉਵੇਂ ਦੀਆਂ ਉਵੇਂ ਪ੍ਰਚਲਿਤ ਹਨ ਹਾਂ ਇਹ ਜ਼ਰੂਰ ਹੈ ਕਿ ਮਸਨੂਈ ਬੁੱਧੀ ਜਾਂ ਮਸ਼ੀਨੀ ਸੂਝ (AI) ਦੇ ਇਸ ਯੁੱਗ ਵਿਚ ਇਹਨਾਂ ਦੀ ਪ੍ਰਕਿਰਤੀ ਬਦਲੀ ਹੈ। ਜੇਕਰ ਔਰਤ ਦੀ ਗੱਲ ਕਰੀਏ ਤਾਂ ਭਾਵੇਂ ਅੱਜ ਔਰਤ ਦੀ ਬਰਾਬਰੀ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ ਪਰ ਇਸ ਖੁੱਲ੍ਹ ਤੇ ਬਰਾਬਰੀ ਦੇ ਪਿੱਛੇ ਔਰਤ ਦੇ ਜਿਸਮ ਦਾ ਜਸ਼ਨ, ਪੈਸਾ ਤੇ ਇਸ਼ਤਿਹਾਰਬਾਜ਼ੀ ਲੁਕਵੇਂ ਰੂਪ ਵਿਚ ਕੰਮ ਕਰ ਰਹੀ ਹੈ। ਔਰਤ ਦਾ ਸ਼ੋਸ਼ਣ ਵੀ ਹੋ ਰਿਹਾ ਹੈ ਅਤੇ ਉਹ ਇਸ ਨੂੰ ਮਰਜ਼ੀ ਨਾਲ਼ ਸਵੀਕਾਰ ਵੀ ਕਰਦੀ ਹੈ। ਇਸ ਲਈ ਗੁਰੂ ਨਾਨਕ ਬਾਣੀ ਦਾ ਨਾਰੀ ਮੁਕਤੀ ਦਾ ਪ੍ਰਵਚਨ ਅੱਜ ਵੀ ਪ੍ਰਸੰਗਿਕ ਹੈ। ਇਸੇ ਤਰ੍ਹਾਂ ਅਜੋਕਾ ਸਮਾਜ ਜਾਤ-ਪਾਤ, ਰੰਗ, ਨਸਲ, ਕੌਮਾਂ, ਧਰਮਾਂ ਆਦਿ ਅਨੇਕ ਵੰਡਾਂ ਤੇ ਵਿਤਕਰਿਆਂ ਦਾ ਸ਼ਿਕਾਰ ਹੈ। ਗੁਰੂ ਨਾਨਕ ਸਾਹਿਬ ਨੇ ਇਕ ਈਸ਼ਵਰ ਦਾ ਸੰਕਲਪ ਦਿੰਦਿਆਂ ਸਾਰੀ ਮਨੁੱਖਤਾ ਨੂੰ ਬਰਾਬਰੀ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਹੁਕਮ ਦੇ ਸੰਕਲਪ ਦਾ ਇਕ ਪੱਖ ਪਰਮਾਤਮਾ ਦੀ ਰਜ਼ਾ ਵਿਚ ਆ ਕੇ ਸਭ ਨੂੰ ਬਰਾਬਰ ਮੰਨਣਾ ਵੀ ਹੈ। "ਜਿਸ ਮਨੁੱਖ ਨੂੰ 'ਹੁਕਮ' ਦੇ ਇਸ ਵਿਸ਼ਾਲ ਸਰੂਪ ਦਾ ਅਨੁਭਵ ਹੋ ਜਾਵੇਗਾ, ਉਹ ਆਪਣੇ ਆਪ ਨੂੰ ਵਿਸ਼ਵ ਦਾ ਇਕ ਭਾਗ ਪ੍ਰਤੀਤ ਕਰੇਗਾ ਤੇ ਸ੍ਵੈ-ਕੇਂਦਰਿਤ ਜਾਂ ਸਵਾਰਥ ਭਰੇ ਜੀਵਨ ਤੋਂ ਉੱਚਾ ਹੋ ਕੇ ਆਪਣੇ ਕਰਤੱਵ ਦੀ ਪਾਲਣਾ ਕਰੇਗਾ।" (ਜੁਗਿੰਦਰ ਸਿੰਘ, 107). ਗੁਰੂ ਜੀ ਦਾ ਉਹ

ਉਪਦੇਸ਼ ਅੱਜ ਵੀ ਮਨੁੱਖ ਨੂੰ ਰਲ਼-ਮਿਲ਼ ਕੇ ਰਹਿਣ ਲਈ ਪ੍ਰੇਰਦਾ ਹੈ:

*ਨੀਚਾ ਅੰਦਰਿ ਨੀਚ ਜਾਤਿ ਨੀਚਿ ਹੂ ਅਤਿ ਨੀਚੁ॥*
*ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥*
*ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ॥* (ਆਦਿ ਗ੍ਰੰਥ, ਪੰਨਾ-੧੫)

*ਜਾਤਿ ਜਨਮੁ ਨਾ ਪੂਛੀਐ ਸਚ ਘਰੁ ਲੇਹੁ ਬਤਾਇ॥*
*ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥* (ਆਦਿ ਗ੍ਰੰਥ, ਪੰਨਾ-੧੩੩੦)

ਉਪਰੋਕਤ ਚਰਚਾ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਬਾਣੀ ਦੇ ਸਰੋਕਾਰ ਸਰਬਕਾਲੀ ਹਨ ਅਤੇ ਇਹ ਹਰ ਯੁੱਗ ਵਿਚ ਮਾਨਵਤਾ ਲਈ ਪ੍ਰਸੰਗਿਕ ਰਹੇਗੀ। ਜਿੱਥੋਂ ਤੱਕ ਅਜੋਕੇ ਸਮੇਂ ਦੀ ਗੱਲ ਹੈ ਤਾਂ ਗੁਰੂ ਨਾਨਕ ਬਾਣੀ ਦਾ ਮੂਲ ਉਪਦੇਸ਼ ਸੱਚ ਦੀ ਵਿਆਖਿਆ ਅਤੇ ਮਨੁੱਖ ਨੂੰ ਸਚਿਆਰਾ ਹੋਣ ਦੀ ਪ੍ਰੇਰਨਾ ਦੇਣਾ ਹੈ ਅਤੇ ਇਸ ਦੀ ਜ਼ਰੂਰਤ ਮਸ਼ੀਨਾਂ ਦੇ ਅਜੋਕੇ ਕਲਯੁਗੀ ਦੌਰ ਵਿਚ ਆਤਮਿਕ ਸ਼ਾਂਤੀ ਤੋਂ ਟੁੱਟੇ ਮਨੁੱਖ ਨੂੰ ਸਭ ਤੋਂ ਜ਼ਿਆਦਾ ਹੈ। ਮਨੁੱਖ ਦੇ ਸਮੁੱਚੇ ਵਿਕਾਸ, ਸਰਮਾਏ, ਤਕਨੀਕ ਤੇ ਵਿਗਿਆਨ ਆਦਿ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਜੇਕਰ ਉਹ ਮਾਨਸਿਕ ਤੌਰ ’ਤੇ ਸਿਹਤਯਾਬ ਨਾ ਹੋਵੇ ਅਤੇ ਆਪਣੇ ਮੂਲ ਨੂੰ ਪਛਾਣ ਕੇ ਸਹਿਜ ਜੀਵਨ ਜਿਉਣ ਦੇ ਸਮਰੱਥ ਹੀ ਨਾ ਹੋਵੇ। ਮਨੁੱਖ ਲਈ ਆਪਣੇ ਜੀਵਨ ਨੂੰ ਸਾਰਥਕ ਬਣਾਉਣ ਵਿਚ ਗੁਰੂ ਨਾਨਕ ਚਿੰਤਨ ਬੇਹੱਦ ਲਾਹੇਵੰਦ ਸਾਬਿਤ ਹੋ ਸਕਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਜੁਗਿੰਦਰ ਸਿੰਘ (ਡਾ.), “**ਗੁਰਬਾਣੀ ਵਿਚ ਜਪੁਜੀ ਦੀ ਸਿੱਧਾਂਤਿਕ ਵਿਆਖਿਆ**”, **ਖੋਜ ਪਤ੍ਰਿਕਾ**, ਅੰਕ 61, ਡਾ. ਅੰਮ੍ਰਿਤਪਾਲ ਕੌਰ (ਸੰਪਾ.), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਾਰਚ, 2005, ਪੰ. 104-121.
2. ਨਰੈਣ ਸਿੰਘ, “**ਗੁਰੂ ਨਾਨਕ ਬਾਣੀ ਦਾ ਵਿਸ਼ਾ**”, **ਪੰਜਾਬੀ ਦੁਨੀਆ**, ਗੁਰੂ ਨਾਨਕ ਅੰਕ, ਭਾਸ਼ਾ ਵਿਭਾਗ ਪੰਜਾਬ, ਪਟਿਆਲ਼ਾ, ਜਨਵਰੀ-ਫਰਵਰੀ, 1970, ਪੰ. 41-48.
3. ਭਗਤਾ, ਦਲਜੀਤ ਸਿੰਘ (ਡਾ.), **ਸੰਸਾਰ ਦੇ ਪ੍ਰਸੰਗ ਵਿਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼**, ਪੰਜਾਬੀ ਹੈਰੀਟੇਜ ਫ਼ਾਉਂਡੇਸ਼ਨ ਆਫ਼ ਕੈਨੇਡਾ, 2019.
4. ਰਾਜਵੀਰ ਸਿੰਘ, “**ਗੁਰੂ ਨਾਨਕ ਦਾ ਵਿੱਦਿਅਕ ਚਿੰਤਨ**”, **ਆਬਰੂ**, ਬਲਜੀਤ ਸਿੰਘ ਰੈਨਾ (ਸੰਪਾ.), ਕਲਾਸਿਕ ਪ੍ਰਿੰਟਰਜ਼ ਦਫ਼ਤਰ ਆਬਰੂ ਮਕਾਨ ਨੰਬਰ-5, ਕੁੰਜਵਾਨੀ, ਸ਼ਹੀਦ ਫਿਲਿੰਗ ਸਟੇਸ਼ਨ ਦੇ ਪਿੱਛੇ, ਜੰਮੂ, ਜੁਲਾਈ-ਸਤੰਬਰ, 2022, ਪੰ. 135-141.


✧